# ਮੀਡੀਆ

ਮੀਡੀਆ ਸੰਚਾਰ ਦਾ ਇਕ ਬਹੁਤ ਆਸਾਨ ਅਤੇ ਮਜ਼ਬੂਤ ਤਰੀਕਾ ਹੈ। ਅਜ ਦੇ ਜੁੱਗ ਵਿਚ ਮੀਡੀਆ ਦਾ ਆਮ ਸ਼ਬਦਾਂ ਵਿਚ ਅਰਥ ਅਖਬਾਰ, ਟੀ.ਵੀ., ਰੇਡੀਓ, ਇੰਟਰਨੈਟ ਆਦਿ ਤੋਂ ਲਿਆ ਜਾਂਦਾ ਹੈ। ਮੀਡੀਆ ਇਕ ਅਜਿਹਾ ਸਾਧਨ ਹੈ ਜਿਸ ਦੁਆਰਾ ਦੇਸ਼-ਵਿਦੇਸ਼ ਦੀ ਜਾਣਕਾਰੀ ਨੂੰ ਇਕੋ ਸਮੇਂ ਲੱਖਾਂ ਲੋਕਾਂ ਤੱਕ ਪਹੁੰਚਾਇਆ ਜਾ ਸਕਦਾ ਹੈ। ਪਹਿਲਾਂ ਲੋਕੀ ਪ੍ਰਿੰਟ ਮੀਡੀਆ ਫੇਰ ਮਾਸ-ਮੀਡੀਆ ਅਤੇ ਹੁਣ ਸੋਸ਼ਲ ਮੀਡੀਆ ਦੇ ਦੁਆਰਾ ਲੋਕ ਆਪਣੀ ਗੱਲ ਸਾਰਿਆਂ ਦੇ ਦੁਆਰਾ ਲੋਕ ਸਾਮਣੇ ਰੱਖ ਸਕਦੇ ਹਨ। ਮੀਡੀਆ ਦਾ ਸਾਡੀ ਸਮਾਜ ਵਿਚ ਇਕ ਅਹਿਮ ਸਥਾਨ ਹੈ।

ਡੈਨਿਸ ਮੈਕਵੇਲ ਅਨੁਸਾਰ, " ਮੀਡੀਆ ਇੱਕ ਵਿਅਕਤੀ ਤੋਂ ਦੂਜੇ ਵਿਅਕਤੀ ਤੱਕ ਅਰਥਪੂਰਨ ਸੰਦੇਸ਼ਾ ਦਾ "ਆਦਾਨ ਪ੍ਰਦਾਨ ਹੈ।"

## ਮੀਡੀਆ ਦੇ ਫਾਇਦੇ

Scanned with CamScanner

1. ਮੀਡੀਆ ਦਾ ਸਭ ਤੋਂ ਵੱਡਾ ਸਾਧਨ ਅੱਜ ਦੇ ਸਮੇਂ ਵਿਚ ਟੈਲੀਵਿਜ਼ਨ ਹੈ। ਟੀ.ਵੀ ਵਿਚ ਅਜ ਜਿੰਨੇ ਮਨੋਰੰਜਨ ਦੇ ਚੈਨਲ ਹਨ, ਉਨੇ ਹੀ ਜਾਂ ਉਸ ਤੋਂ ਵੀ ਜ਼ਿਆਦਾ ਖਬਰਾਂ ਦੇ ਜਾਂ ਨਿਊਜ਼ ਚੈਨਲਜ਼ ਹਨ।

2. ਮੀਡੀਆ ਦੇ ਦੁਆਰਾ ਲੋਕਾਂ ਨੂੰ ਸਿੱਖਿਆ ਮਿਲਦੀ ਹੈ। ਉਹ ਟੀ.ਵੀ., ਰੇਡੀਓ ਪ੍ਰੋਗਰਾਮਾਂ ਦੇ ਰਾਹੀ ਸਿਹਤ ਸੰਬੰਧੀ ਪ੍ਰੋਗਰਾਮ, ਵਾਤਾਵਰਨ ਅਤੇ ਹੋਰ ਕਈ ਜ਼ਰੂਰੀ ਜਾਣਕਾਰੀ ਪ੍ਰਾਪਤ ਕਰਦੇ ਹਨ।

3. ਮੀਡੀਆ ਦੇ ਰਾਹੀ ਲੋਕਾਂ ਨੂੰ ਆਪਣਾ ਟੈਲੇਂਟ ਪੂਰੀ ਦੁਨੀਆ ਵਿਚ ਸਭ ਦੇ ਸਾਹਮਣੇ ਪੇਸ਼ ਕਰਨ ਦਾ ਇਕ ਵਧੀਆ ਪਲੇਟਫਾਰਮ ਮਿਲਿਆ।

4. ਸਿੱਖਿਆ ਦੇ ਗਿਆਨ ਵਿਚ ਵਾਧਾ ਹੁੰਦਾ ਹੈ। ਬੱਚੇ ਡਿਸਕਵਰੀ ਚੈਨਲ ਅਤੇ ਵਿਦਿਅਕ ਪ੍ਰੋਗਰਾਮ ਦੁਆਰਾ ਬਹੁਤ ਕੁਝ ਸਿੱਖਦੇ ਹਨ।

5. ਰੇਡੀਓ ਰਾਹੀ ਕਿਤੇ ਵੀ ਰਹਿ ਕੇ ਜਾਣਕਾਰੀ

Scanned with CamScanner

ਹਮਿਲਾ ਪੈ ਜਾਂਦੀ ਹੈ। ਅਜਕਲ ਮੋਬਾਈਲ ਵਿਚ ਵੀ ਰੇਡੀਓ, ਐਫ.ਐਮ ਦੀ ਸੁਵਿਧਾ ਮੌਜੂਦ ਹੈ।

## ਮੀਡੀਆ ਦੇ ਨੁਕਸਾਨਦਾਇਕ ਪ੍ਰਭਾਵ

1) TRP ਦੇ ਪਿੱਛੇ ਲੱਗ ਕੇ T.V. ਚੈਨਲ ਪ੍ਰੋਗਰਾਮ ਦੀ ਕੁਆਲਿਟੀ ਵੱਲ ਧਿਆਨ ਨਹੀਂ ਦੇਂਦੇ ਅਤੇ ਕੂੜ ਵੀ ਟੀ.ਵੀ. ਤੇ ਦਿਖਾਉਂਦੇ ਹਨ।

2) ਕਈ ਵਾਰ ਫੈਮਿਲੀ ਚੈਨਲਜ਼ ਤੇ ਵੀ ਏਹੋ ਜਿਹੇ ਪ੍ਰੋਗਰਾਮ ਆਉਂਦੇ ਹਨ ਜੋ ਪਰਿਵਾਰ ਦੇ ਨਾਲ ਬਹਿ ਕੇ ਨਹੀਂ ਵੇਖੇ ਜਾ ਸਕਦੇ।

3) ਔਰਤਾਂ ਆਪਣੇ ਟੀ.ਵੀ ਪ੍ਰੋਗਰਾਮ ਨੂੰ ਵੇਖਣ ਲਈ ਘਰ ਦਾ ਸਾਰਾ ਕੰਮ ਛੱਡ ਦਿੰਦੀਆਂ ਹਨ। ਜਿਸ ਕਰਕੇ ਉਹਨਾਂ ਦੇ ਘਰ ਵਿਚ ਕਈ ਵਾਰ ਕਲੇਸ਼ ਪੈ ਜਾਂਦਾ ਹੈ।

4) ਜ਼ਿਆਦਾ ਸਮਾਂ ਮਾਸ-ਮੀਡੀਆ ਅਤੇ ਸ਼ੋਸਲ ਮੀਡੀਆ ਤੇ ਬਿਤਾਉਣ ਕਰਕੇ ਲੋਕ ਆਪਣਾ

Scanned with CamScanner

ਸਮਾ ਬਰਬਾਦ ਕਰਦੇ ਹਨ।

5) ਲਗਾਤਾਰ ਮਾਸ-ਮੀਡੀਆ, ਸੋਸ਼ਲ ਮੀਡੀਆ ਦੇ ਸੰਪਰਕ ਵਿਚ ਰਹਿਣ ਕਰਕੇ ਵੱਡੇ ਅਤੇ ਬੱਚਿਆ ਸਾਰਿਆ ਦੇ ਦਿਮਾਗ ਅਤੇ ਅੱਖਾ ਤੇ ਅਸਰ ਪੈਂਦਾ ਹੈ।

Scanned with CamScanner

# ਸੰਚਾਰ ਤੇ ਉਸ ਦੇ ਤੱਤ

ਸੰਚਾਰ ਸਾਡੇ ਜੀਵਨ ਦਾ ਆਧਾਰ ਹੈ। ਜੇਕਰ ਸੰਚਾਰ ਹੀ ਕਰਨਾ ਨਹੀਂ ਆਏਗਾ ਤਾਂ ਮਨੁੱਖ ਦੀ ਜ਼ਰੂਰਤ ਹੀ ਪੂਰੀ ਨਹੀਂ ਹੋ ਸਕੇਗੀ ਅਤੇ ਨਾਂ ਹੀ ਦੁਨੀਆ ਦੀ ਗੱਲਾਂ ਨੂੰ ਸਮਝ ਪਾਵੇਗਾ।

ਸੰਚਾਰ ਸ਼ਬਦ ਸੰਸਕ੍ਰਿਤ ਦੇ 'ਚਰ' ਧਾਤੂ ਤੋਂ ਬਣਿਆ ਹੈ ਜਿਸ ਦਾ ਅਰਥ ਹੈ 'ਚਲਣਾ'। ਅੰਗਰੇਜ਼ੀ ਵਿਚ ਸੰਚਾਰ ਲਈ 'communication' ਸ਼ਬਦ ਦੀ ਵਰਤੋਂ ਕੀਤੀ ਜਾਂਦੀ ਹੈ ਜੋ ਕਿ ਲੈਟਿਨ ਭਾਸ਼ਾ ਦੇ ਸ਼ਬਦ 'communis' ਤੋਂ ਬਣਿਆ ਹੈ ਜਿਸ ਤੋਂ ਭਾਵ ਹੈ "ਕਿਸੇ ਵਸਤੂ ਜਾਂ ਵਿਸ਼ੇ ਦਾ ਸਾਰਿਆਂ ਲਈ ਸਾਂਝਾ ਹੋਣਾ"।

Rulert Enderso, "ਅਨੁਸਾਰ " ਬੋਲਣਾ ਅਤੇ ਇਸ਼ਾਰਿਆਂ ਦੁਆਰਾ ਆਪਣੇ ਵਿਚਾਰਾਂ ਨੂੰ ਪ੍ਰਗਟ ਕਰਨਾ ਸੰਚਾਰ ~~[illegible]~~ ਕਹਿਲਾਉਂਦਾ ਹੈ।"

Scanned with CamScanner

ਦੋ ਵਿਅਕਤੀਆਂ ਦੇ ਆਮਣੇ ਸਾਮਣੇ ਬੈਠ ਕੇ ਹੋਣ ਵਾਲੀ ਗੱਲ-ਬਾਤ ਨੂੰ 'ਸੰਚਾਰ' ਅਖਵਾਉਂਦਾ ਹੈ।

ਸੰਚਾਰ ਦੇ ਤੱਤ ਹੇਠ ਲਿਖੇ ਅਨੁਸਾਰ ਹਨ:

1. ਸੁਨੇਹਾ: ਸੁਨੇਹਾ ਉਹ ਜਾਣਕਾਰੀ ਹੁੰਦੀ ਹੈ ਜੋ Sender ਅਤੇ Receiver ਵਿਚ ਆਦਾਨ ਪ੍ਰਦਾਨ ਹੁੰਦੀ ਹੈ। ਜਿਸ ਵਿਚ ਟੈਕਸਟ, ਨੰਬਰ, ਫੋਟੋ, ਵੀਡੀਓ ਦਾ ਰੂਪ ਦੀ 'ਸੁਨੇਹਿਆਂ' ਦਾ ਆਦਾਨ ਪ੍ਰਦਾਨ ਕੀਤਾ ਜਾਂਦਾ ਹੈ।

2) ਸੁਨੇਹਾ ਭੇਜਣ ਵਾਲਾ → ਇਸ ਵਿਚੋਂ Sender ਸ਼ਬਦ ਦੀ ਵਰਤੋ ਕੀਤੀ ਜਾਂਦੀ ਹੈ। ਇਹ ਉਹ ਵਿਅਕਤੀ ਹੁੰਦਾ ਹੈ ਜੋ ਸੁਨੇਹਾ ਭੇਜਦਾ ਹੈ। ਮੌਖਿਕ ਸੰਚਾਰ ਵਿਚ ਇਸਨੂੰ ਸਪੀਕਰ ਕਿਹਾ ਜਾਂਦਾ ਹੈ ਅਤੇ ਲਿਖਿਤ ਸੰਚਾਰ ਵਿਚ ਇਹ ਕਮਿਊਨੀਕੇਟਰ ਅਖਵਾਉਂਦਾ ਹੈ

3) ਪ੍ਰਾਪਤ ਕਰਤਾ: ਇਹ ਉਹ ਵਿਅਕਤੀ ਹੈ ਜੋ ਸੰਦੇਸ਼ ਪ੍ਰਾਪਤ ਕਰਦਾ ਹੈ। ਇਸ ਨੂੰ Receiver ਵੀ ਕਿਹਾ ਜਾਂਦਾ ਹੈ।

Scanned with CamScanner

3) ਮਾਧਿਅਮ : ਸੰਚਾਰਕ ਸੰਦੇਸ਼ ਨੂੰ ਪਾਠਕ ਵਰਗ ਤੱਕ ਪਹੁੰਚਾਣ ਲਈ ਜਿਸ ਚੀਜ਼ ਜਾਂ ਵਸਤੂ ਦਾ ਪ੍ਰਯੋਗ ਹੁੰਦਾ ਹੈ ਉਸ ਨੂੰ ਮਾਧਿਅਮ ਕਿਹਾ ਜਾਂਦਾ ਹੈ। ਸੰਚਾਰ ਕਿਸ ਰਾਹੀ ਸਫਲ ਅਤੇ ਕਿੰਨੇ ਸਮੇਂ ਤੱਕ ਪਹੁੰਚਦਾ ਹੈ, ਇਹ ਮਾਧਿਅਮ ਤੇ ਨਿਰਭਰ ਕਰਦਾ ਹੈ। ਅਖਬਾਰ, ਟੀ.ਵੀ., ਈ ਮੇਲ ਆਦਿ ਸੰਚਾਰ ਦਾ ਅਤਿ ਆਧੁਨਿਕ ਸਾਧਨ ਹਨ।

Scanned with CamScanner